# ਪ੍ਰਧਾਨ ਮੰਤਰੀ, ਸ਼੍ਰੀਲੰਕਾ ਦੇ ਰਾਸ਼ਟਰਪਤੀ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ, ਸ਼੍ਰੀ ਲੰਕਾ ਅਤੇ ਮਾਰੀਸ਼ਸ ਵਿੱਚ ਯੂ.ਪੀ.ਆਈ. ਸੇਵਾਵਾਂ ਦੇ ਲਾਂਚ ਹੋਣ ਦੇ ਗਵਾਹ ਬਣਨਗੇ।

ਫਰਵਰੀ 11, 2024

12 ਫਰਵਰੀ, 2024 ਨੂੰ ਦੋਪਹਰ 1 ਵਜੇ, ਵੀਡੀਓ ਕਾਨਫਰੰਸਿੰਗ ਰਾਹੀਂ, ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ, ਸ਼੍ਰੀਲੰਕਾ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਰਾਨਿਲ ਵਿਕਰਮਸਿੰਘੇ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਮਹਾਮਹਿਮ. ਸ਼੍ਰੀ ਪ੍ਰਵਿੰਦ ਜੁਗਨਾਥ ਸ਼੍ਰੀਲੰਕਾ ਵਿੱਚ ਯੂਨੀਫਾਈਡ ਪੇਮੈਂਟ ਇੰਟਰਫੇਸ (ਯੂ.ਪੀ.ਆਈ.) ਸੇਵਾਵਾਂ ਦੀ ਸ਼ੁਰੂਆਤ ਅਤੇ ਮੌਰੀਸ਼ਸ ਵਿੱਚ ਰੂਪੇ ਕਾਰਡ ਸੇਵਾਵਾਂ ਦੀ ਸ਼ੁਰੂਆਤ ਦੇਖਣ ਦੇ ਗਵਾਹ ਬਣਨਗੇ।

ਭਾਰਤ ਇੱਕ ਫਿਨਟੈਕ ਨਵੀਨਤਾ ਅਤੇ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਦੇ ਇੱਕ ਲੀਡਰ ਵਜੋਂ ਉਭਰਿਆ ਹੈ। ਪ੍ਰਧਾਨ ਮੰਤਰੀ ਨੇ ਸਾਡੇ ਵਿਕਾਸ ਦੇ ਅਨੁਭਵ ਅਤੇ ਨਵੀਨਤਾਵਾਂ ਨੂੰ ਸਾਥੀ ਦੇਸ਼ਾਂ ਨਾਲ ਸਾਂਝੇ ਕਰਨ ਦੇ ਉੱਤੇ ਮਜਬੂਤੀ ਨਾਲ ਜੋਰ ਦਿੱਤਾ ਹੈ। ਭਾਰਤ ਦੇ ਮਜਬੂਤ ਸੱਭਿਆਚਾਰ ਅਤੇ ਸ਼੍ਰੀਲੰਕਾ ਅਤੇ ਮਾਰੀਸ਼ਸ ਦੇ ਨਾਲ ਲੋਕ-ਦਰ-ਲੋਕ ਦੇ ਸਬੰਧਾਂ ਨੂੰ ਦੇਖਦੇ ਹੋਏ, ਇਹ ਲਾਂਚ ਇੱਕ ਤੇਜ ਅਤੇ ਸਹਿਜ ਡਿਜੀਟਲ ਲੈਣ-ਦੇਣ ਅਨੁਭਵ ਦੇ ਰਾਹੀਂ ਇੱਕ ਵੱਡੀ ਜਨਤਾ ਨੂੰ ਫਾਇਦਾ ਦੇਵੇਗਾ ਅਤੇ ਦੇਸ਼ਾਂ ਦੇ ਵਿਚਕਾਰ ਡਿਜੀਟਲ ਕਨੈਕਟੀਵਿਟੀ ਨੂੰ ਬਿਹਤਰ ਕਰੇਗਾ।

ਇਹ ਲਾਂਚ ਯੂ.ਪੀ.ਆਈ. ਸੈਂਟਲੇਮੈਂਟ ਸੇਵਾਵਾਂ ਦੀ ਉਪਲਬਧਤਾ ਨੂੰ ਸ਼੍ਰੀਲੰਕਾ ਅਤੇ ਮਾਰੀਸ਼ਸ ਦੀ ਯਾਤਰਾ ਕਰਨ ਵਾਲੇ ਭਾਰਤੀ ਨਾਕਰਿਕਾਂ ਅਤੇ ਨਾਲ ਹੀ ਭਾਰਤ ਦੀ ਯਾਤਰਾ ਕਰਨ ਵਾਲੇ ਮੌਰੀਸ਼ੀਅਨ ਨਾਕਰਿਕਾਂ ਵਾਸਤੇ ਸਮਰੱਥ ਬਣਾਏਗਾ। ਰੁਪੇ ਕਾਰਡ ਸੇਵਾਵਾਂ ਦਾ ਮਾਰੀਸ਼ਸ ਵਿੱਚ ਵਿਸਥਾਰ ਮੌਰੀਸ਼ੀਅਨ ਬੈਂਕਾਂ ਨੂੰ ਮਾਰੀਸ਼ਸ ਵਿੱਚ ਰੁਪੇ ਮਕੇਨਿਜ਼ਮ 'ਤੇ ਅਧਾਰਿਤ ਕਾਰਡ ਜਾਰੀ ਕਰਨ ਦੇ ਸਮਰੱਥ ਬਣਾਏਗਾ ਅਤੇ ਭਾਰਤ ਅਤੇ ਮਾਰੀਸ਼ਸ ਦੋਵੇਂ ਮੁਲਕਾਂ ਵਿੱਚ ਵਿੱਤੀ ਲੈਣ-ਦੇਣ ਦੇ ਬੰਦੋਬਸਤ ਵਾਸਤੇ ਰੁਪੇ ਕਾਰਡ ਦੇ ਇਸਤੇਮਾਲ ਦੀ ਸਹੂਲਤ ਦੇਵੇਗਾ।

**ਨਵੀਂ ਦਿੱਲੀ**
**ਫਰਵਰੀ 11, 2024**